12. ਡਾ. ਪਾਲ ਕੌਰ

ਡਾ. ਪਾਲ ਕੌਰ ਦਾ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਸਥਾਨ ਹੈ। ਪਾਲ ਕੌਰ ਰਾਜਪੁਰਾ ਜ਼ਿਲ੍ਹਾ ਪਟਿਆਲਾ ਦੀ ਜੰਮਪਲ ਹੈ। ਉਸ ਦਾ ਜਨਮ 15 ਮਈ 1957 ਨੂੰ ਪਿਤਾ ਸਰੈਣ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਇਹ ਸ਼ਾਇਰਾ ਪ੍ਰਾਧਿਆਪਕਾ ਦੇ ਤੌਰ 'ਤੇ ਐੱਸ. ਏ. ਜੈਨ ਕਾਲਜ ਅੰਬਾਲਾ ਤੋਂ ਸੇਵਾਮੁਕਤ ਹੋ ਚੁੱਕੀ ਹੈ। ਉਸ ਨੇ ਪੀ-ਐੱਚ.ਡੀ. ਪੱਧਰ ਤੱਕ ਦੀ ਵੀ ਵਿੱਦਿਆ ਹਾਸਲ ਕੀਤੀ ਹੋਈ ਹੈ। ਉਸ ਦੀ ਕਾਵਿ ਸੰਵੇਦਨਾ ਦਾ ਪ੍ਰਮੁੱਖ ਸਰੋਕਾਰ ਸਮਕਾਲੀ ਨਾਰੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨਾ ਹੈ। ਉਸ ਨੇ ਸਮਕਾਲੀ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਸੱਚ ਨੂੰ ਪਛਾਣਿਆ ਅਤੇ ਆਪਣੀ ਦ੍ਰਿਸ਼ਟੀ ਤੋਂ ਪੇਸ਼ਕਾਰੀ ਕੀਤੀ। ਉਹ ਆਪਣੀ ਕਵਿਤਾ ਦੇ ਬਿੰਬ, ਮਿਥਿਹਾਸ ਵਿੱਚੋਂ ਲੈਂਦੀ ਹੈ। ਉਹ ਮਨੋਵਿਗਿਆਨਕ ਸੂਝ ਨਾਲ ਔਰਤ ਦੀ ਮਨੋ-ਅਵਸਥਾ ਨੂੰ ਬੜੀ ਡੂੰਘਾਈ ਤੱਕ ਜਾ ਕੇ ਪੇਸ਼ ਕਰਦੀ ਹੈ। ਉਹ ਪਾਠਕ ਨੂੰ ਭਾਵੁਕ ਨਹੀਂ ਕਰਦੀ, ਸਗੋਂ ਉਸ ਦੀ ਸਮਝ ਨੂੰ ਤਿੱਖਿਆਂ ਕਰਦੀ ਹੈ।

'ਖਲਾਅ ਵਾਸੀ', 'ਮੈਂ ਮੁਖਾਤਿਬ ਹਾਂ', 'ਸਵੀਕਾਰ ਤੋਂ ਬਾਅਦ', 'ਇੰਝ ਨਾ ਮਿਲੀਂ', 'ਬਾਰਿਸ਼ ਅੰਦਰੇ-ਅੰਦਰ', 'ਪੀਂਘ' ਅਤੇ 'ਪੌਣ ਤੜਾਗੀ' ਆਦਿ ਉਸ ਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਉਸ ਦੀ ਕਵਿਤਾ ਮਨੋਵਿਗਿਆਨੀ ਵਾਂਗ ਮਨ ਦੀਆਂ ਅਨੇਕਾਂ ਪਰਤਾਂ ਨੂੰ ਫਰੋਲਦੀ ਹੈ ਤੇ ਸਮਾਜ-ਸ਼ਾਸ਼ਤਰੀ ਵਾਂਗ ਸਮਾਜਿਕ ਸਰੋਕਾਰਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ।

ਖੜ੍ਹਾ-ਸਾਈਕਲ

ਇਕ ਦੋਸਤ ਕਿਹਾ ਕਰਦੀ ਸੀ
ਤੇਰੇ ਤਾਂ ਪੈਰਾਂ 'ਚ ਚੱਕਰ ਏ ਪਾਲੀ-
ਬੜਾ ਤੁਰੀ, ਬੜਾ ਭੱਜੀ
ਕਦੀ ਦਿਸ਼ਾ-ਦਿਸ਼ਾ
ਕਦੀ ਦਿਸ਼ਾ-ਹੀਣ!
ਯਾਦ ਅਇਆ
ਕਿਸੇ 'ਸਿਆਣੇ' ਨੇ ਮਾਂ ਨੂੰ ਆਖਿਆ ਸੀ
ਕੋਈ ਘਰੋਂ ਦੂਰ ਤੁਰ ਜਾਵੇ
ਤਾਂ ਸਾਈਕਲ ਖੜ੍ਹਾ ਕਰਕੇ
ਪੁੱਠਾ ਚਲਾਈ ਜਾਵੋ-
ਤਾਂ ਭੁੱਲਿਆ ਘਰ ਪਰਤ ਆਉਂਦਾ ਏ!

ਭੱਜੀ ਹਾਂ ਬੜੀ.....
ਸਾਈਕਲ, ਸਕੂਟਰ, ਕਾਰ, ਬੱਸਾਂ.....
ਥੱਕ ਗਏ ਨੇ ਸਭ!

ਤੇ ਅੱਜ ਕੱਲ ਸਵੇਰੇ-ਸ਼ਾਮ ਖੜ੍ਹਾ-ਸਾਈਕਲ ਚਲਾਉਂਦੀ ਹਾਂ
ਤੇ ਕਰਦੀ ਹਾਂ ਯਾਦ
ਸਾਈਕਲ ਤੋਂ ਕਾਰ
ਅਤੇ ਕਾਰ ਤੋਂ
ਖੜ੍ਹੇ-ਸਾਈਕਲ ਦੀ ਯਾਤਰਾ!

ਔੜ

ਵਿਗੜ ਗਿਆ ਏ ਮੌਸਮ ਦਾ ਮਿਜ਼ਾਜ਼!
ਨਹੀ ਲੱਗਦੀ ਝੜੀ ਹੁਣ ਸਾਵਣ ਦੀ।
ਫੈਲ ਗਈ ਹੈ ਭਾਦਰੋਂ ਦੀ ਔੜ
ਸਾਰੇ ਚੌਮਾਸੇ ਵਿੱਚ!

ਮਨਮੁੱਖ ਜਿਹੀ ਹੋ ਗਈ ਏ ਬਾਰਿਸ਼
ਵਕਤ-ਬੇ-ਵਕਤ ਬਰਸਦੀ
ਨਹੀਂ ਮੰਨਦੀ ਕੋਈ ਅਸੂਲ!

ਮੈਂ ਬੱਦਲਾਂ ਨੂੰ ਪੁੱਛਿਆ
ਕਿਉਂ ਲੰਘ ਜਾਂਦੇ ਹੋ ਭਰੇ ਭਰਾਏ?
ਬੱਦਲਾਂ ਨੇ ਕੇਰੀਆਂ ਬੂੰਦਾਂ ਦੋ ਚਾਰ
ਤੇ ਲੰਘ ਗਏ ਰਸਤਾ ਵਲਾਕੇ!

ਮੈਂ ਪਹਾੜਾਂ ਨੂੰ ਪੁੱਛਿਆ
ਕੀ ਹੋਇਆ ਉਸ ਬੱਦਲ ਦਾ, ਬਾਰਿਸ਼ ਦਾ?
ਤਾਂ ਗਿਰ ਗਿਆ ਪਹਾੜ, ਖੜ੍ਹਾ ਖਲੋਤਾ!

ਮੈ ਰੁੱਖਾਂ ਨੂੰ ਪੁੱਛਿਆ
ਰੁੱਸੇ ਹੋ ਕਿਉਂ ਬੱਦਲਾਂ ਨਾਲ
ਵਿਛ ਗਏ ਰੁੱਖ ਹੋ ਹੋ ਕੇ ਗੇਲੀਆਂ
ਇਮਾਰਤਾਂ ਦੇ ਪੈਰਾਂ ’ਚ!

ਮੈ ਸਮੁੰਦਰ ਨੂੰ ਪੁੱਛਿਆ

ਕਿੱਥੇ ਹੈ ਤੇਰਾ ਖਜ਼ਾਨਾ ਬੱਦਲਾਂ ਦਾ

ਤੇ ਸਮੁੰਦਰ ਵੀ

ਲੈ ਕੇ ਸਾਰੀ ਔੜ ਸੀਨੇ 'ਚ

ਉਤਰ ਗਿਆ ਅੰਦਰ——

ਹੋਰ ਮਾਰੀ ਆਵਾਜ਼

ਤਾਂ ਕੰਬ ਗਿਆ ਵਜੂਦ

ਉਛਲ ਉਛਲ ਪਿਆ ਸਮੁੰਦਰ

ਕਰਦਾ ਤਾਂਡਵ

ਰੋੜ੍ਹ ਕੇ ਲੈ ਗਿਆ

ਸਾਰਾ ਸਿਲਸਿਲਾ!

ਕੇਹੀ ਹੈ ਖੇਡ ਅਸਾਡੀ

ਕੇਹੇ ਨੇ ਸਾਹ

ਕਿ ਰੁੱਸ ਬੈਠੇ ਨੇ

ਰੁੱਖ, ਪਹਾੜ, ਸਮੁੰਦਰ, ਬੱਦਲ!

ਨਾ ਮਾਰੇ ਕੋਈ ਆਵਾਜ਼ ਬੱਦਲਾਂ ਨੂੰ

ਨਾ ਗਾਵੇ ਕੋਈ ਰਾਗ ਮਲ੍ਹਾਰ

ਨਾ ਮਾਰੇ ਕੋਈ ਅਰਜਨ ਬੱਦਲਾਂ 'ਚ ਤੀਰ!

ਖਲੋਅ ਗਿਆ ਏ ਭਾਦਰੋਂ ਅੜ ਕੇ

ਚੜ੍ਹੀ ਏ ਗਹਿਰ ਚੌਂਫੇਰੇ

ਨਾ ਬਣਦੇ, ਨਾ ਬਰਸਦੇ ਬੱਦਲ

ਵਿਗੜ ਗਿਆ ਏ ਮਿਜ਼ਾਜ਼

ਅੰਦਰ-ਬਾਹਰ ਔੜ ਹੀ ਔੜ!

(ਚੌਮਾਸੇ- ਭਾਦੋਂ ਦੀ ਨਮੀਂ ਵਾਲੀ ਗਰਮੀ, ਹੁੰਮਸ, ਭੜਾਸ। ਮਿਜ਼ਾਜ- ਸੁਭਾਅ, ਗੇਲੀ- ਰੁੱਖ ਦਾ ਗੋਲ ਲੰਮਾ ਤਣਾ, ਵਜੂਦ- ਹੋਂਦ, ਤਾਂਡਵ- ਸ਼ਿਵ ਦਾ ਨਾਚ, ਭਿਆਨਕ ਹਾਲਾਤ।)

ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਕਿਸੇ 'ਸਿਆਣੇ' ਨੇ ਮਾਂ ਨੂੰ ਆਖਿਆ ਸੀ

ਕੋਈ ਘਰੋਂ ਦੂਰ ਤੁਰ ਜਾਵੇ

ਤਾਂ ਸਾਈਕਲ ਖੜ੍ਹਾ ਕਰਕੇ

ਪੁੱਠਾ ਚਲਾਈ ਜਾਵੋ-

ਤਾਂ ਭੁੱਲਿਆ ਘਰ ਪਰਤ ਆਉਂਦਾ ਏ!

(ਅ) ਖਲੋਅ ਗਿਆ ਏ ਭਾਦਰੋਂ ਅੜ ਕੇ

ਚੜ੍ਹੀ ਏ ਗਹਿਰ ਚੌਂਫੇਰੇ

ਨਾ ਬਣਦੇ, ਨਾ ਬਰਸਦੇ ਬੱਦਲ

ਵਿਗੜ ਗਿਆ ਏ ਮਿਜ਼ਾਜ਼

ਅੰਦਰ-ਬਾਹਰ ਔੜ ਹੀ ਔੜ!

2. 'ਖੜ੍ਹਾ ਸਾਈਕਲ' ਕਵਿਤਾ ਮਨੁੱਖੀ ਸਭਿਅਤਾ ਦੇ ਕਿੰਨਾਂ ਪੜਾਵਾਂ ਦਾ ਜ਼ਿਕਰ ਕਰਦੀ ਹੈ? ਤੇ ਕਿਉਂ?

3. 'ਔੜ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ? ਵਰਨਣ ਕਰੋ।

4. 'ਖੜ੍ਹਾ ਸਾਈਕਲ' ਕਵਿਤਾ ਦਾ ਸਾਰ ਲਿਖੋ।

5. ਰੁੱਖ, ਪਹਾੜ, ਸਮੁੰਦਰ ਤੇ ਬੱਦਲ ਕਿਉਂ ਰੁੱਸ ਬੈਠੇ ਹਨ?